# ਅੰਮ੍ਰਿਤਸਰ ਦਾ ਇਨਕਲਾਬੀ ਵਿਰਸਾ

ਸ੍ਰ: ਸੰਤੋਖ ਸਿੰਘ
ਅੰਮ੍ਰਿਤਸਰ



ਸਿੱਖ ਗੁਰੂ ਸਾਹਿਬਾਨ ਨੇ ਪੰਜਾਬ ਵਿੱਚ ਬਹੁਤ ਸਾਰੇ ਨਗਰ ਵਸਾਏ। ਕਰਤਾਰਪੁਰ ਰਾਵੀ (ਪਾਕਿਸਤਾਨ), ਡੇਰਾ ਬਾਬਾ ਨਾਨਕ, ਗੋਇੰਦਵਾਲ, ਤਰਨ-ਤਾਰਨ, ਅੰਮ੍ਰਿਤਸਰ, ਕਰਤਾਰਪੁਰ (ਜਲੰਧਰ), ਸ੍ਰੀ ਹਰਿਗੋਬਿੰਦਪੁਰ, ਛੇਹਰਟਾ, ਕੀਰਤਪੁਰ, ਅਨੰਦਪੁਰ ਸਾਹਿਬ। ਇਨ੍ਹਾਂ ਸਾਰਿਆਂ ਵਿੱਚੋਂ ਜੋ ਸਥਾਨ ਸ੍ਰੀ ਅੰਮ੍ਰਿਤਸਰ ਨੇ ਪ੍ਰਾਪਤ ਕੀਤਾ, ਉਹ ਕਿਸੇ ਹੋਰ ਸ਼ਹਿਰ ਨੂੰ ਪ੍ਰਾਪਤ ਨਹੀਂ ਹੋਇਆ। 'ਸਿਫਤੀ ਦਾ ਘਰ' ਦਾ ਮਾਣ ਵੀ ਅੰਮ੍ਰਿਤਸਰ ਨੂੰ ਹੀ ਮਿਲਿਆ। ਪੰਜਾਬ ਦੇ ਇਤਿਹਾਸ ਦੇ ਮੁਹਾਰਨ, ਉਘਾੜਨ, ਨਿਖਾਰਨ ਅਤੇ ਨਿਰਮਾਣ ਵਿੱਚ ਅੰਮ੍ਰਿਤਸਰ ਦਾ ਬਹੁਤ ਮਹੱਤਵ ਰਿਹਾ ਹੈ।

ਅਸਲ ਵਿੱਚ ਜੋ ਉਦਮ ਤੇ ਤਰੱਦਦ ਗੁਰੂ ਸਾਹਿਬ ਨੇ ਇਸ ਸ਼ਹਿਰ ਨੂੰ ਵਸਾਉਣ ਲਈ ਸ਼ੁਰੂ ਤੋਂ ਹੀ ਕੀਤਾ, ਉਹ ਕਿਸੇ ਹੋਰ ਸ਼ਹਿਰ ਲਈ ਹੋਇਆ ਵੀ ਨਹੀਂ ਸੀ। ਗੁਰੂ ਜੀ ਨੇ ਦੇਸ਼-ਪ੍ਰਦੇਸ਼ ਤੋਂ ਵੱਖ-ਵੱਖ ਕਿੱਤਿਆਂ, ਹੁਨਰਾਂ ਅਤੇ ਜਾਤਾਂ ਵਾਲੇ ਲੋਕਾਂ ਨੂੰ ਇਥੇ ਲਿਆ ਵਸਾਇਆ ਅਤੇ ਉਨ੍ਹਾਂ ਨੂੰ ਉਚੇਚੀਆਂ ਸਹੂਲਤਾਂ ਦਿੱਤੀਆਂ। ਰਹਿਣ ਲਈ ਜਗ੍ਹਾ ਦਿੱਤੀ, ਕੰਮ ਚਲਾਉਣ ਲਈ ਮਾਇਆ ਵੰਡੀ, ਦੁਕਾਨਾਂ ਦਿੱਤੀਆਂ, ਤਲਾਬ ਖੁਦਵਾਏ ਆਪਣੇ-ਆਪਣੇ ਰੱਬ ਦੀ ਪੂਜਾ ਦੀ ਪੂਰਨ ਖੁੱਲ੍ਹ ਦਿੱਤੀ। ਇਕ ਸਰਬ-ਸਾਂਝਾ ਮੰਦਰ ਉਸਾਰ ਕੇ ਇਸ ਦੇ ਚਹੁੰ ਪਾਸੀਂ ਚਾਰ ਦਰਵਾਜ਼ੇ ਹਰ ਜਾਤ, ਵਰਨ, ਭੇਦ, ਮਜ਼ਹਬ, ਮਿੱਲਤ, ਉਚੇ, ਨੀਵੇਂ, ਅਮੀਰ, ਗਰੀਬ, ਮੱਥਾ ਟੇਕਣ ਅਤੇ ਸਿਜਦਾ ਕਰਨ ਵਾਲੇ ਸਭ ਮਨੁੱਖਾਂ ਲਈ ਖੋਲ੍ਹ ਦਿੱਤੇ। ਜਾਤਾਂ, ਵਰਨਾਂ, ਮਜ਼ਹਬਾਂ, ਮੱਤਾਂ, ਫਿਰਕਿਆਂ, ਸੰਪਰਦਾਵਾਂ, ਦੇਸਾਂ-ਦੇਸਾਂਤਰਾਂ ਵਿੱਚ ਵੰਡੀਆਂ ਪਏ ਸਮੇਂ ਵਿੱਚ ਇਹ ਪਹਿਲਾ ਇਨਕਲਾਬੀ ਕਦਮ ਸੀ।

ਹਰੀ ਦੇ ਇਸ ਮੰਦਰ ਦੀ ਨੀਂਹ ਆਪਣੇ ਧਰਮ ਤੋਂ ਬਾਹਰ ਮੁਸਲਮਾਨੀ ਧਰਮ ਦੇ ਕਾਦਰੀ ਫਿਰਕੇ ਦੇ ਫਕੀਰ ਸਾਈਂ ਮੀਆਂ ਮੀਰ ਤੋਂ ਰਖਵਾਉਣੀ ਵੀ ਕੋਈ ਘੱਟ ਇਨਕਲਾਬੀ ਗੱਲ ਨਹੀਂ ਸੀ।

ਦੂਜਾ ਇਨਕਲਾਬੀ ਕਦਮ ਗੁਰੂ ਅਰਜਨ ਸਾਹਿਬ ਵਲੋਂ ਵੇਦ-ਕਤੇਬਾਂ ਤੋਂ ਨਿਆਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਤਿਆਰੀ ਸੀ। ਇਸ ਮਹਾਨ ਰੂਹਾਨੀ ਗ੍ਰੰਥ ਵਿੱਚ ਗੁਰੂ ਸਾਹਿਬਾਂ ਦੇ ਨਾਲ ਬਿਨਾਂ ਵਿਤਕਰੇ ਭਗਤਾਂ ਦੀ ਬਾਣੀ ਦਰਜ ਕੀਤੀ ਗਈ। ਇਨ੍ਹਾਂ ਭਗਤਾਂ ਵਿੱਚ ਹਿੰਦੂ ਵੀ ਹਨ ਅਤੇ ਮੁਸਲਮਾਨ ਵੀ, ਉੱਚ ਜਾਤੀ ਦੇ ਬ੍ਰਾਹਮਣ ਖੱਤਰੀ ਵੀ ਹਨ, ਵੈਸ਼ ਵਰਨ ਦੇ ਜੱਟ ਵੀ ਅਤੇ ਅਖੌਤੀ ਨੀਚ ਜਾਤ ਨਾਲ ਸਬੰਧ ਰੱਖਣ ਵਾਲੇ ਅਖੌਤੀ ਨਾਈ, ਛੀਂਬੇ, ਡੂਮ, ਭੱਟ, ਕਸਾਈ, ਚਮਿਆਰ ਅਤੇ ਜੁਲਾਹੇ ਵੀ। ਇਨ੍ਹਾਂ ਵਿੱਚੋਂ ਬਹੁਤਿਆਂ ਨੂੰ ਤਾਂ ਧਿਰਕਾਰਿਆ, ਤ੍ਰਿਸਕਾਰਿਆ ਅਤੇ ਦੁਰਕਾਰਿਆ ਤੱਕ ਜਾਂਦਾ ਸੀ। ਗੁਰੂ ਜੀ ਨੇ ਸਾਰਿਆਂ ਨੂੰ ਸਤਿਕਾਰਿਆ, ਵਡਿਆਇਆ ਅਤੇ ਇਨ੍ਹਾਂ ਸਭਨਾਂ ਨੂੰ ਇਕ ਥਾਂ ਦੇ ਕੇ ਇਕ ਵਾਰ ਫੇਰ ਮਨੁੱਖਤਾ ਦੀ ਸਰਬ-ਸਾਂਝੀਵਾਲਤਾ ਨੂੰ ਉਭਾਰਿਆ।

ਮੁਲਾਣਿਆਂ ਅਤੇ ਬ੍ਰਾਹਮਣਾਂ ਦਾ ਹਲਵਾ-ਮੰਡਾ ਲੋਕਾਈ ਦੇ ਕਈ ਫਾੜ ਬਣੇ ਰਹਿਣ ਦੇ ਸਿਰ ਚਲਦਾ ਹੈ। ਗੁਰੂ ਜੀ ਦੇ ਮਨੁੱਖਤਾ ਦੀ ਸਰਬ-ਸਾਂਝੀਵਾਲਤਾ ਦੇ ਇਹ ਉਪਰਾਲੇ ਉਨ੍ਹਾਂ ਦੀਆਂ ਅੱਖਾਂ ਵਿੱਚ ਰੜਕਣ, ਖੜਕਣ ਲੱਗੇ। ਉਨ੍ਹਾਂ ਨੂੰ ਆਪਣੀ ਦੁਕਾਨਦਾਰੀ ਠੱਪ ਹੁੰਦੀ ਜਾਪੀ। ਵੇਲੇ ਦੇ ਹਾਕਮ ਬਾਦਸ਼ਾਹ ਜਹਾਂਗੀਰ ਕੋਲ ਲੂਤੀਆਂ ਲਾਈਆਂ। ਸਿੱਟੇ ਵਜੋਂ ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਅਜੋਕੇ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਸ਼ਹੀਦੀ ਸੀ। ਇਸ ਨੇ ਪੰਜਾਬ ਅਤੇ ਭਾਰਤ ਵਿੱਚ ਮਨੁੱਖਤਾ ਦੀਆਂ ਉਚੇਰੀਆਂ ਕਦਰਾਂ ਨੂੰ ਸਦੀਵ-ਕਾਲ ਲਈ ਰੁਸ਼ਨਾ ਦਿੱਤਾ ਅਤੇ ਇਨ੍ਹਾਂ ਦੀ ਸੰਭਾਲ ਅਤੇ ਰਖਵਾਲੀ ਲਈ ਕੁਰਬਾਨੀਆਂ ਦਾ ਰਾਹ ਖੋਲ੍ਹ ਦਿੱਤਾ। ਇਸ ਤਰ੍ਹਾਂ ਗੁਰੂ ਜੀ ਦੀ ਇਹ ਕੁਰਬਾਨੀ ਆਪਣੇ ਆਪ ਵਿੱਚ ਇਕ ਮਹਾਨ ਇਨਕਲਾਬੀ ਕਦਮ ਸੀ।

ਇਸ ਸ਼ਹਿਰ ਨੂੰ ਇਨਕਲਾਬੀ ਨੁਹਾਰ ਦੇਣ ਵਾਲੀ ਅਗਲੀ ਕੜੀ ਸੀ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ। ਜ਼ਿੰਦਗੀ ਦੀਆਂ ਸਿਖ਼ਰਾਂ ਨੂੰ ਛੂਹਣ ਲਈ ਪੀਰੀ ਅਤਿ ਲੋੜੀਂਦੀ ਵਸਤੂ ਹੈ। ਪਰ ਪੀਰੀ ਦੀਆਂ ਪ੍ਰਾਪਤੀਆਂ ਦੀ ਰਾਖੀ ਲਈ ਜਦ ਮਹਾਨ ਪਰਉਪਕਾਰੀ, ਦਲ-ਭੰਜਨ ਸੂਰਮੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਨੂੰ ਅੰਗ ਲਗਾਇਆ ਤਾਂ ਸ੍ਰੀ ਅਕਾਲ ਤਖ਼ਤ ਜ਼ਹੂਰ ਵਿੱਚ ਆਇਆ। ਹੁਕਮਨਾਮਾ ਫਿਰ ਗਿਆ ਕਿ ਹਰ ਸਿੱਖ ਸ਼ਸਤਰ ਰੱਖੇ, ਘੋੜਸਵਾਰੀ ਅਤੇ ਸ਼ਸਤਰ ਚਲਾਉਣੇ ਸਿੱਖੇ, ਧਨ-ਦੌਲਤ ਦੀ ਥਾਂ ਸ਼ਸਤਰ ਅਤੇ ਘੋੜੇ ਗੁਰੂ ਜੀ ਦੀ ਭੇਟਾ ਕਰੇ। ਸੱਚ ਅਤੇ ਚੰਗਿਆਈ ਲਈ ਹਰ ਕੁਰਬਾਨੀ ਲਈ ਡਟਣਾ ਹੀ ਹੁਣ ਕਾਫੀ ਨਹੀਂ ਸੀ, ਗੁਰੂ ਦਾ ਹਰ ਸਿੱਖ ਆਪਣੀ-ਆਪਣੀ ਥਾਂ 'ਤੇ ਜ਼ੁਲਮ ਅਤੇ ਧੱਕੇ ਦੇ ਵਿਰੋਧ ਲਈ ਤੱਤਪਰ ਹੋ ਜਾਵੇ। ਪਰਸਪਰ ਰਿਸ਼ਤੇ-ਨਾਤੇ, ਵੈਰ-ਵਿਰੋਧ ਦੇ ਫੈਸਲੇ ਜਾਂ ਨਿਪਟਾਰੇ ਲਈ ਦਿੱਲੀ ਦੇ ਝੂਠੇ ਤਖ਼ਤ ਅੱਗੇ ਫਰਿਆਦੀ ਹੋਣ ਦੀ ਥਾਂ ਅਕਾਲ ਦੇ ਸੱਚੇ ਤਖ਼ਤ ਅੱਗੇ ਪੇਸ਼ ਹੋਵੇ। ਇਸ ਤਰ੍ਹਾਂ ਭੂਤਰਦੇ ਜਾ ਰਹੇ ਮੁਗਲ ਸਾਮਰਾਜ ਦੇ ਅੰਦਰ ਹੀ ਇਕ ਮੁਤਵਾਜ਼ੀ ਰਾਜ-ਭਾਗ ਦੀ ਨੀਂਹ ਰੱਖੀ। ਉਸ ਦੀ ਰਾਜਧਾਨੀ ਦਿੱਲੀ ਸੀ, ਇਸ ਦੀ ਅੰਮ੍ਰਿਤਸਰ।

ਹਰਿਮੰਦਰ ਦੇ ਸਾਹਮਣੇ ਅਕਾਲ ਤਖ਼ਤ। ਇਕ ਵਿੱਚ

ਸ਼ਾਸਤਰ ਦਾ ਪ੍ਰਕਾਸ਼ ਸੀ ਤੇ ਦੂਜੇ ਵਿੱਚ ਸ਼ਸਤਰਾਂ ਦੀ ਚਮਕ। ਦੋਹਾਂ ਦੇ ਸੁਮੇਲ ਵਿੱਚੋਂ ਐਸੇ ਸੰਤ-ਸਿਪਾਹੀ ਪੈਦਾ ਹੋਏ ਜਿਨ੍ਹਾਂ ਦੇ ਮੁੱਖ ਵਿੱਚ ਹਰੀ ਵੱਸਦਾ ਸੀ ਅਤੇ ਚਿੱਤ ਵਿੱਚ ਯੁੱਧ ਦੇ ਫੁਰਨੇ ਉਭਰਦੇ ਸਨ।

ਸਮੇਂ ਦੀ ਨਜ਼ਾਕਤ ਨੂੰ ਮੁੱਖ ਰੱਖਦਿਆਂ ਗੁਰੂ ਹਰਿਗੋਬਿੰਦ ਜੀ ਨੇ ਸ਼ਹਿਰ ਦੀ ਰਾਖੀ ਖ਼ਾਤਰ ਲਾਹੌਰ ਵਲੋਂ ਆਉਂਦੇ ਰਾਹ ’ਤੇ ਲੋਹਗੜ੍ਹ ਦਾ ਕਿਲ੍ਹਾ ਬਣਵਾਇਆ। ਝੂਠੇ ਅਤੇ ਸੱਚੇ ਪਾਤਸ਼ਾਹ ਦੀਆਂ ਫੌਜਾਂ ਵਿੱਚ ਪਹਿਲਾ ਮੁਕਾਬਲਾ ਵੀ ਏਥੇ ਹੀ ਹੋਇਆ। ਗੁਰੂ ਕੇ ਸਿੱਖਾਂ ਨੇ ਤੋਪਖਾਨੇ ਦੀ ਘਾਟ ਨੂੰ ਰੁੱਖਾਂ ਦੀਆਂ ਤੋਪਾਂ ਬਣਾ ਕੇ ਪੂਰਾ ਕੀਤਾ। ਇਹ ਯੁੱਧ ਇਮਤਿਹਾਨ ਘੱਟ ਸੀ ਤੇ ਅਭਿਆਸ ਬਹੁਤਾ। ਇਸ ਨੇ ਸਿੱਖਾਂ ਦੀ ਜੁੱਧਨੀਤੀ ਦਾ ਨਿਰੂਪਣ ਕੀਤਾ, ਉਨ੍ਹਾਂ ਦੇ ਜੰਗੀ ਦਾਅ-ਪੇਚਾਂ ਨੂੰ ਨਿਖਾਰਿਆ।

ਸਮਾਂ ਪਾ ਕੇ ਗੁਰੂ ਹਰਿਗੋਬਿੰਦ ਜੀ ਕੀਰਤਪੁਰ ਸਾਹਿਬ ਆ ਵੱਸੇ। ਕੁੱਝ ਚਿਰ ਲਈ ਪੰਜਾਬ ਦੀ ਇਨਕਲਾਬੀ ਲਹਿਰ ਦਾ ਧੁਰਾ ਕੀਰਤਪੁਰ ਅਤੇ ਫੇਰ ਅਨੰਦਪੁਰ ਸਾਹਿਬ ਬਣ ਗਿਆ। ਕੁਝ ਚਿਰ ਲਈ ਅੰਮ੍ਰਿਤਸਰ ਪਿਛੋਕੜ ਵਿੱਚ ਚਲੇ ਗਿਆ। ਆਜ਼ਾਦੀ, ਵਿਦਰੋਹ ਅਤੇ ਕੁਰਬਾਨੀਆਂ ਦੀ ਮਸ਼ਾਲ ਅਠਾਰ੍ਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਤੋਂ ਮਗਰੋਂ ਮੁੜ ਕੇ ਅੰਮ੍ਰਿਤਸਰ ਜਗਣ ਲੱਗੀ। ਸਿੱਖ ਭਾਵੇਂ ਕਾਇਮ ਸਨ ਭਾਵੇਂ ਪਰੇਸ਼ਾਨ, ਆਪ ਮੁਹਾਰੇ ਸਨ ਤੇ ਭਾਵੇਂ ਬੇਮੁਹਾਰੇ, ਲੀਡਰ ਵਾਲੇ ਸਨ ਤੇ ਭਾਵੇਂ ਬੇ-ਲੀਡਰੇ, ਇਕੱਲੇ ਸਨ ਤੇ ਭਾਵੇਂ ਸਰਬੱਤ ਖਾਲਸਾ, ਉਨ੍ਹਾਂ ਇਨਕਲਾਬ ਦਾ ਝੰਡਾ ਡਿੱਗਣ ਨਹੀਂ ਦਿੱਤਾ ਅਤੇ ਉਨ੍ਹਾਂ ਦੇ ਹਰ ਸੰਘਰਸ਼, ਹਰ ਭੇੜ ਦਾ ਧੁਰਾ ਅੰਮ੍ਰਿਤਸਰ ਹੀ ਰਿਹਾ।

ਅੰਮ੍ਰਿਤਸਰ ਦੇ ਦਰਸ਼ਨ-ਇਸ਼ਨਾਨ ਇਨ੍ਹਾਂ ਦੇ ਜਿਸਮ, ਰੂਹ ਅਤੇ ਜਥੇਬੰਦੀ ਲਈ ਲਾਜ਼ਮੀ ਬਣ ਗਏ। ਸਮੇਂ ਦੇ ਸੁਤੰਤਰਤਾ ਸੰਗਰਾਮੀਏ ਦੀਵਾਲੀ, ਵਿਸਾਖੀ ਦੇ ਤਿਉਹਾਰਾਂ ’ਤੇ ਹਰ ਮੁਸੀਬਤ ਝਾਗ ਕੇ, ਹਰ ਭੀੜ ਲੰਘ ਕੇ ਜ਼ਰੂਰ ਪੁੱਜਦੇ। ਗੁਰਮਤੇ ਦੀ ਇਨਕਲਾਬੀ ਰਵਾਇਤ ਦੀ ਲੋਅ ਵਿੱਚ ਬੀਤੇ ਦੀਆਂ ਕਾਰਵਾਈਆਂ ਘੋਖਦੇ, ਅਗਾਂਹ ਲਈ ਸੇਧਾਂ ਮਿੱਥਦੇ, ਫੈਸਲੇ ਲੈਂਦੇ ਅਤੇ ਉਨ੍ਹਾਂ ਦੇ ਪਾਬੰਦ ਰਹਿੰਦੇ।

ਹਕੂਮਤ ਨੇ ਇਨ੍ਹਾਂ ਸੰਗਰਾਮੀਆਂ ਨੂੰ ਦਬਾਉਣ, ਕੁਚਲਣ ਅਤੇ ‘ਸਿੱਧੇ ਰਾਹ’ ਲਿਆਉਣ ਲਈ ਗਿਰਗਟ ਵਾਂਗ ਕਈ ਰੰਗ ਬਦਲੇ। ਸਿੰਘਾਂ ਨੂੰ ਨਵਾਬੀਆਂ ਪੇਸ਼ ਕੀਤੀਆਂ, ਜਾਗੀਰਾਂ ਲਾਈਆਂ, ਉਨ੍ਹਾਂ ’ਤੇ ਫੌਜਾਂ ਚੜ੍ਹਾਈਆਂ, ਘੱਲੂਘਾਰਿਆਂ ਵਿੱਚ ਕਤਲੇਆਮ ਦਾ ਸਹਾਰਾ ਲਿਆ, ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ, ਚਰਖੜੀਆਂ ’ਤੇ ਚਾੜ੍ਹਿਆ, ਰੰਬੀਆਂ ਨਾਲ ਖੋਪਰੀਆਂ ਲਾਹੀਆਂ, ਸਿੰਘਣੀਆਂ ਤੋਂ ਕੈਦਖਾਨਿਆਂ ਵਿੱਚ ਖੰਨੀ-ਖੰਨੀ ਰੋਟੀ ਬਦਲੇ ਸਵਾ-ਸਵਾ ਮਣ ਪੀਸਣੇ ਪੀਸਾਏ। ਉਨ੍ਹਾਂ ਦੇ ਬੱਚਿਆਂ ਨੂੰ ਹਵਾ ਵਿੱਚ ਉਛਾਲ ਕੇ ਨੇਜ਼ਿਆਂ ’ਤੇ ਟੰਗਿਆ, ਬੱਚਿਆਂ ਦੀਆਂ ਹੱਡੀਆਂ ਦੇ ਹਾਰ ਮਾਵਾਂ ਦੇ ਗਲਾਂ ਵਿੱਚ ਪਾਏ, ਸਿੰਘਾਂ ਤੇ ਸਿੰਘਣੀਆਂ ਦੇ ਸਿਰਾਂ ਦੇ ਬੁਰਜ ਉਸਾਰੇ, ਖੂਹ ਭਰੇ।

ਪ੍ਰੰਤੂ ਸਿੱਖਾਂ ਦੀ ਜਗਮਗਾਉਂਦੀ ਰੂਹ ਕੁਚਲੀ ਨਾ ਜਾ ਸਕੀ। ਭਾਈ ਮਨੀ ਸਿੰਘ ਨੇ ਬੰਦ-ਬੰਦ ਕਟਵਾ ਕੇ ਸ਼ਹਾਦਤ ਦਿੱਤੀ। ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਸੂਰਮਿਆਂ ਨੇ ਲਗਾਨਦਾਰਾਂ ਦਾ ਭੇਸ ਵਟਾ, ਮੱਸੇ ਰੰਘੜ ਦਾ ਸਿਰ ਕਲਮ ਕਰ, ਬੀਕਾਨੇਰ ਵਿੱਚ ਸਿੰਘਾਂ ਦੇ ਜਾ ਪੇਸ਼ ਕੀਤਾ। ਸਿੰਘਾਂ ਨੇ ਸ਼ਹਿਰ ਤੇ ਦਰਬਾਰ ਸਾਹਿਬ ਦੀ ਰਾਖੀ ਲਈ ਰਾਮਸਰ ਵਿਖੇ ਰਾਮ ਰੌਣੀ ਦੇ ਕਿਲ੍ਹੇ ਦੀ ਉਸਾਰੀ ਕੀਤੀ। ਭਾਈ ਦੀਪ ਸਿੰਘ, ਭਾਈ ਨੌਧ ਸਿੰਘ ਅਤੇ ਭਾਈ ਗੁਰਬਖਸ਼ ਸਿੰਘ ਵਰਗੇ ਸੂਰਬੀਰਾਂ ਦੀ ਅਗਵਾਈ ਹੇਠ ਸਿਰ ਤਲੀ ’ਤੇ ਰੱਖ ਜੂਝਣ ਵਾਲੇ ਆਜ਼ਾਦੀ ਅਤੇ ਸੱਚ ਦੀ ਸ਼ਮ੍ਹਾ ਦੇ ਪਰਵਾਨਿਆਂ ਸ਼ਹੀਦੀਆਂ ਪ੍ਰਾਪਤ ਕਰਕੇ ਹਰਿਮੰਦਰ ਅਤੇ ਸਰੋਵਰ ਦੀ ਪਵਿੱਤਰਤਾ ਨੂੰ ਕਾਇਮ ਰੱਖਿਆ।

ਜ਼ਿੰਦਗੀ ਦੀਆਂ ਕਦਰਾਂ-ਕੀਮਤਾਂ ਦੀ ਪ੍ਰਫੁੱਲਤਾ ਲਈ ਆਜ਼ਾਦੀ, ਇਨਕਲਾਬ ਅਤੇ ਕੁਰਬਾਨੀਆਂ ਦੀ ਜਗਦੀਆਂ ਜੋਤਾਂ ਵਾਲੀ ਜਵਾਲਾ, ਜ਼ੁਲਮ ਅਤੇ ਜਬਰ ਦੀਆਂ ਪਰਤ-ਦਰ-ਪਰਤ ਤਵੀਆਂ ਤੋਂ ਦੱਬੀ ਨਾ ਜਾ ਸਕੀ। ਅੰਮ੍ਰਿਤਸਰ ਦੀ ਲਟ-ਲਟ ਬਲਦੀ ਮਸ਼ਾਲ ਗਿਰਦ ਘੁੰਮਦੀ ਪੰਜਾਬੀਆਂ ਦੀ ਜ਼ਿੰਦਗੀ ਅਤੇ ਮੌਤ ਦੀ ਸੌ ਸਾਲਾ ਜੱਦੋ-ਜਹਿਦ ਰੰਗ ਲਿਆਈ। ਇਸ ਨੇ ਸਦੀਆਂ ਤੋਂ ਬੱਧੂ, ਆਰੀਆ ਲੋਕਾਂ ਤੋਂ ਲੈ ਕੇ ਭਾਰਤ ਦੇ ਪੱਛਮ ਵਲੋਂ ਆਉਂਦੀਆਂ ਧਾੜਾਂ ਨੂੰ ਸਦਾ-ਸਦਾ ਲਈ ਡੱਕਾ ਲਾ ਦਿੱਤਾ। ਇਹੋ ਜਿਹਾ ਇਨਕਲਾਬੀ ਰੋਲ ਇਤਿਹਾਸ ਵਿੱਚ ਹੋਰ ਕਿਤੇ ਨਹੀਂ ਮਿਲਦਾ।

ਸਿੱਖ ਰਾਜ ਦੇ ਅੰਤ ਤੋਂ ਫੇਰ ਅੰਮ੍ਰਿਤਸਰ ਪੰਜਾਬ ਵਿੱਚ ਚੱਲਣ ਵਾਲੀਆਂ ਲਗਭਗ ਸਾਰੀਆਂ ਇਨਕਲਾਬੀ ਲਹਿਰਾਂ ਦਾ ਕੇਂਦਰ ਰਿਹਾ ਹੈ। ਨਾਮਧਾਰੀ ਲਹਿਰ, ਅਜੋਕੇ ਭਾਰਤ ਵਿੱਚ ਆਜ਼ਾਦੀ ਦੀ ਪਹਿਲੀ ਲਹਿਰ ਸੀ ਜਿਸ ਨੇ ਅੰਗ੍ਰੇਜ਼ੀ ਸਰਕਾਰ ਨਾਲ ਨਾ-ਮਿਲਵਰਤਨ ਦੀ ਨੀਤੀ ਨੂੰ ਅਪਨਾਇਆ ਜੋ ਇਥੋਂ ਹੀ ਸ਼ੁਰੂ ਹੋਈ। ਹਰ ਅੰਗ੍ਰੇਜ਼ੀ ਚੀਜ਼, ਅੰਗ੍ਰੇਜ਼ੀ ਕੱਪੜਿਆਂ, ਅੰਗ੍ਰੇਜ਼ੀ ਵਿੱਦਿਆ, ਅੰਗ੍ਰੇਜ਼ੀ ਅਦਾਲਤਾਂ ਅਤੇ ਅੰਗ੍ਰੇਜ਼ੀ ਡਾਕਖਾਨਿਆਂ ਤੱਕ ਦਾ ਬਾਈਕਾਟ ਕੀਤਾ। ਹਮਾਤੜ ਮਹਾਤਮਾ ਗਾਂਧੀ ਨੇ ਇਨ੍ਹਾਂ ਹੀ ਤਰੀਕਿਆਂ, ਉਨ੍ਹਾਂ ਵਿੱਚੋਂ ਵੀ ਕੁੱਝ ਨੂੰ ਹੀ ਤੇ ਉਹ ਵੀ ਕਿਤੇ ਪੰਜਾਹ-ਸੱਠ ਵਰ੍ਹੇ ਮਗਰੋਂ ਜਾ ਕੇ ਆਪਣੀ ਲਹਿਰ ਦਾ ਆਧਾਰ ਬਣਾਇਆ। ਨਾਮਧਾਰੀ ਲਹਿਰ ਦਾ ਖਾੜਕੂ ਖਾਸਾ ਵੀ ਅੰਮ੍ਰਿਤਸਰ ਤੋਂ ਹੀ ਆਰੰਭ ਹੋਇਆ। ਗੁਰੂ ਤੇਗ ਬਹਾਦਰ ਹਸਪਤਾਲ ਦੀ ਰਾਮਬਾਗ ਦੀ ਡਿਉੜੀ ਵੱਲ ਦੀ ਨੁੱਕਰ ਵਿਚਲਾ ਬੋਹੜ ਦਾ ਰੁੱਖ ਇਸ ਇਨਕਲਾਬੀ ਲਹਿਰ ਦੀ ਅਜੇ ਤੱਕ ਸ਼ਾਹਦੀ ਭਰਦਾ ਹੈ। ਬਹੁਤ ਸਾਰੇ ਨਾਮਧਾਰੀਆਂ ਨੂੰ ਇਸ ਬੋਹੜ ਨਾਲ ਫਾਂਸੀ ਲਾਇਆ ਗਿਆ ਸੀ।

ਸਿੰਘ ਸਭਾ ਲਹਿਰ ਦਾ ਕੇਂਦਰ ਵੀ ਅੰਮ੍ਰਿਤਸਰ ਹੀ ਬਣਿਆ ਰਿਹਾ। ਸਿੱਖ ਬੁੱਧੀਜੀਵੀਆਂ ਦੀਆਂ ਸੰਸਥਾਵਾਂ, ਚੀਫ਼ ਖਾਲਸਾ ਦੀਵਾਨ ਅਤੇ ਸਿੱਖ ਐਜੂਕੇਸ਼ਨ ਕਾਨਫਰੰਸ ਦਾ ਹੈੱਡ ਕੁਆਰਟਰ ਵੀ ਅੰਮ੍ਰਿਤਸਰ ਹੀ ਰਿਹਾ ਹੈ। ਪਹਿਲੀ ਵੱਡੀ ਜੰਗ ਮਗਰੋਂ ਭਾਰਤ ਦੀ ਆਜ਼ਾਦੀ ਦੀ ਲਹਿਰ ਨੂੰ ਪ੍ਰਚੰਡ ਕਰਨ ਲਈ ਅੰਮ੍ਰਿਤਸਰ ਨੇ ਹੀ ਆਪਣੀ ਆਹੂਤੀ ਪਾਈ। ਜਲ੍ਹਿਆਂ ਵਾਲੇ ਬਾਗ ਦੇ ਸਾਕੇ ਨੇ ਸਾਰੇ ਹਿੰਦ-ਵਾਸੀਆਂ ਨੂੰ ਝੰਜੋੜ ਕੇ ਜਗਾ ਦਿੱਤਾ। ਦਰਖਾਸਤਾਂ ਦੇਣ ਦੀ ਥਾਂ ਆਜ਼ਾਦੀ ਦਾ ਆਪਣਾ ਜਮਾਂਦਰੂ ਹੱਕ ਖੋਹਣ ਲਈ ਥਾਂ-ਪਰ-ਥਾਂ ਸੁਤੰਤਰਤਾ ਸੰਗਰਾਮੀਏ ਉਠ ਖੜ੍ਹੇ ਹੋਏ।

ਅੰਗ੍ਰੇਜ਼ੀ ਰਾਜ ਨੂੰ ਇਕ ਵੇਰ ਜੜ੍ਹੋਂ ਹਲੂਣ ਦੇਣ ਵਾਲੀ ਅਕਾਲੀ ਲਹਿਰ ਦਾ ਮੁੱਢ ਵੀ ਅੰਮ੍ਰਿਤਸਰ ਤੋਂ ਹੀ ਬੱਝਾ ਅਤੇ ਇਸ ਲਹਿਰ ਦੀ ਚੂਲ ਵੀ ਅੰਮ੍ਰਿਤਸਰ ਹੀ ਬਣਿਆ ਰਿਹਾ।

ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ। ਦੇਸ਼ ਆਜ਼ਾਦ ਹੋਣ ਮਗਰੋਂ ਜਿਥੇ ਦੂਜੇ ਭਾਰਤਵਾਸੀ ਤਸੱਲੀ ਕਰਕੇ ਬੈਠ ਗਏ, ਅੰਮ੍ਰਿਤਸਰ ਨੂੰ ਪੰਜਾਬੀਆਂ ਨਾਲ ਪੈਰ-ਪੈਰ ’ਤੇ ਹੁੰਦੇ ਵਿਤਕਰਿਆਂ ਵਿਰੁੱਧ ਲਾਮਬੰਦ ਹੋਣਾ ਪਿਆ। ਪੰਜਾਬੀਆਂ ਨੂੰ ਕਦੀ ਸ਼ਹਿਰੀ ਆਜ਼ਾਦੀਆਂ ਉੱਤੇ ਲੱਗੀਆਂ ਪਾਬੰਦੀਆਂ ਵਿਰੁੱਧ ਘੁਲਣਾ ਪਿਆ ਤੇ ਕਦੀ ਬੋਲੀ ਦੇ ਆਧਾਰ ’ਤੇ ਸੂਬੇ ਦੀ ਸਥਾਪਨਾ ਲਈ ਜੂਝਣਾ ਪਿਆ; ਕਦੀ ਬਾਹਰ ਰਹਿ ਗਏ ਪੰਜਾਬੀ ਬੋਲਦੇ ਇਲਾਕੇ ਨਾਲ ਰਲਾਉਣ ਅਤੇ ਪੰਜਾਬ ਦੇ ਪਾਣੀਆਂ ਲਈ ਸੰਘਰਸ਼ ਕਰਨਾ ਪਿਆ। ਐਮਰਜੈਂਸੀ ਦੀ ‘ਕੂੜ ਅਵਸਥਾ’ ਵਿੱਚ ਜਦ ‘ਸੱਚ ਚੰਦਰਮਾ’ ਚੜ੍ਹਿਆ ਦਿੱਸਦਾ ਨਹੀਂ ਸੀ, ਆਜ਼ਾਦੀ, ਇਨਕਲਾਬ ਅਤੇ ਕੁਰਬਾਨੀ ਦੀ ਸ਼ਮ੍ਹਾ ਜਗਾਈ ਰੱਖਣ ਦਾ ਮਾਣ ਸਾਰੇ ਭਾਰਤ ਵਿੱਚੋਂ ਕੇਵਲ ਤੇ ਕੇਵਲ ਅੰਮ੍ਰਿਤਸਰ ਨੂੰ ਹੀ ਪ੍ਰਾਪਤ ਸੀ।....

ਆਪੇ ਅੰਮ੍ਰਿਤੁ ਆਪਿ ਹੈ ਪਿਆਰਾ ਆਪੇ ਹੀ ਰਸੁ ਆਪੈ ॥ (ਪੰਨਾ ੬੦੫)